# ਸੱਪ ‘ਤੇ ਕਿਸਾਨ

ਇੱਕ ਕਿਸਾਨ ਆਪਣੇ ਖੇਤ ਵਿੱਚ ਕੰਮ ਕਰ ਰਿਹਾ ਸੀ। ਸਰਦੀ ਦੀ ਰੁੱਤ ਸੀ ਤੇ ਸਰਦੀ ਵੀ ਬਹੁਤ ਪੈ ਰਹੀ ਸੀ। ਅਚਾਨਕ ਉਸਦੀ ਨਜ਼ਰ ਇੱਕ ਸੱਪ ‘ਤੇ ਪਈ। ਸੱਪ ਠੰਡ ਨਾਲ ਅਧਮਰਿਆ ਹੋ ਗਿਆ ਸੀ। ਸੱਪ ਤੁਰ ਵੀ ਨਹੀਂ ਸੀ ਸਕਦਾ। ਕਿਸਾਨ ਨੂੰ ਸੱਪ ‘ਤੇ ਦਇਆ ਆ ਗਈ। ਉਸਨੇਂ ਸੱਪ ਨੂੰ ਚੁੱਕ ਕੇ ਅੱਗ ਕੋਲ ਰੱਖ ਦਿੱਤਾ। ਜਿਉਂ ਹੀ ਸੱਪ ਵਿੱਚ ਜਾਨ ਆਈ ਉਹ ਕਿਸਾਨ ਨੂੰ ਕੱਟਣ ਵਾਸਤੇ ਦੌੜਿਆ। ਕਿਸਾਨ ਨੇਂ ਫੌਰਨ  ਉਸਦਾ ਸਿਰ ਫੇਹ ਦਿੱਤਾ। ਸਿਖਿਆ – ਆਪਣੇ ਦੁਸ਼ਮਨ ਦਾ ਕਦੇ ਵੀ ਇਤਬਾਰ ਨਾਂਹ ਕਰੋ।